# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਰਸਾਲਾ

ਅੰਕ 9 | ਸਾਲ ਸੱਤਵਾਂ | ਸਤੰਬਰ, 1995



ਆਨਰੇਰੀ ਸੰਪਾਦਕ : ਡਾ. ਜਾਗੀਰ ਸਿੰਘ, 422 ਸੈਕਟਰ 15-ਏ, ਚੰਡੀਗੜ੍ਹ ਫੋਨ : 772660

# ਅੰਮ੍ਰਿਤ ਕੀਰਤਨ

ਅੰਕ 9 ਸਾਲ ਸੱਤਵਾਂ ਸਤੰਬਰ, 1995

**ਸੰਪਾਦਕ (ਆਨਰੇਰੀ)**
ਡਾ. ਜਾਗੀਰ ਸਿੰਘ ਐਮ.ਏ.
(ਸੰਗੀਤ, ਪੰਜਾਬੀ, ਧਾਰਮਿਕ ਅਧਿਐਨ)
ਪੀ-ਐਚ.ਡੀ.

**ਸਹਿਯੋਗੀ**
ਡਾ. ਤ੍ਰਿਲੋਚਨ ਸਿੰਘ ਤਰਸੀ
ਡਾ. ਕਰਨੈਲ ਸਿੰਘ ਸੋਮਲ
ਸ੍ਰ. ਹਰਿਭਜਨ ਸਿੰਘ ਚੋਪੜਾ
ਪ੍ਰੋ. ਸਤਵਿੰਦਰ ਸਿੰਘ

**ਚਿੱਤਰਕਾਰ**
ਗੁਰਦੀਪ ਸਿੰਘ ਦੀਪ

**ਚਿੱਠੀ ਪੱਤਰ ਲਈ ਪਤਾ :**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ,
ਚੰਡੀਗੜ੍ਹ-160 015
ਫੋਨ : 772660

**ਚੰਦੇ ਦਾ ਵੇਰਵਾ**
ਇਕ ਕਾਪੀ 10 ਰੁਪਏ
ਦੇਸ਼ ਸਲਾਨਾ 100 ਰੁਪਏ
ਜੀਵਨ ਮੈਂਬਰ 1000 ਰੁਪਏ
ਵਿਦੇਸ਼ ਸਲਾਨਾ 500 ਰੁਪਏ
ਜੀਵਨ ਮੈਂਬਰ 5000 ਰੁਪਏ

1] ਅਰਦਾਸ ਦੀ ਭਾਵਨਾ 1
— ਡਾ: ਜਸਵੰਤ ਸਿੰਘ ਨੇਕੀ

2] ਗੁਰਮਤਿ ਵਿਚ ਕੀਰਤਨ ਦਾ ਮਹੱਤਵ 5
— ਜਸਵੀਰ ਸਿੰਘ ਸਰਨਾ

3] ਸੁਰ ਲਿਪੀ—ਰਾਗ ਸੋਰਠ 9
—ਜੀ ਐਸ. ਸਰਦਾਰ

4] ਉਸਤਾਦ ਜੋਗਿੰਦਰ ਸਿੰਘ 'ਯੋਗੀ' 12
— ਸਤਨਾਮ ਸਿੰਘ ਬੰਬਈ

5] ਕੈਸੱਟ ਸਮੀਖਿਆ 14
—ਹਰਚਰਨ ਸਿੰਘ

**'ਅੰਮ੍ਰਿਤ ਕੀਰਤਨ' ਦੇ ਪੁਰਾਣੇ ਅੰਕ**

'ਅੰਮ੍ਰਿਤ ਕੀਰਤਨ' ਦੇ ਪਿਛਲੇ ਸਾਲਾਂ ਦੇ ਕੁਝ ਪੁਰਾਣੇ ਅੰਕ ਪ੍ਰਾਪਤ ਕਰਨ ਲਈ ਚਿੱਠੀ-ਪੱਤਰ ਕਰਨ ਦੀ ਕਿਰਪਾ ਕਰਨੀ।

**'ਅੰਮ੍ਰਿਤ ਕੀਰਤਨ' ਲਈ ਚੈਕ/ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।**

**ਨੋਟ :** ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ । ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ: 4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਣਿਤ ਹੈ।

# ਅਰਦਾਸ ਦੀ ਭਾਵਨਾ

—ਡਾ. ਜਸਵੰਤ ਸਿੰਘ ਨੇਕੀ

ਕੀਤਾ ਕਰਣਾ ਸਰਬ ਰਜਾਈ ਕਿਛੁ ਕੀਚੈ ਜੇ ਕਰਿ ਸਕੀਐ ।
ਆਪਣਾ ਕੀਤਾ ਕਿਛੂ ਨ ਹੋਵੈ ਜਿਉ ਹਰਿ ਭਾਵੈ ਤਿਉ ਰਖੀਐ । ੧ ।
ਮੇਰੇ ਹਰਿ ਜੀਉ ਸਭੁ ਕੋ ਤੇਰੈ ਵਸਿ ।
ਅਸਾ ਜੋਰੁ ਨਾਹੀ ਜੇ ਕਿਛੁ ਕਰਿ ਹਮ ਸਾਕਹਿ
ਜਿਉ ਭਾਵੈ ਤਿਵੈ ਬਖਸਿ । ੧ । ਰਹਾਉ ।
ਸਭੁ ਜੀਉ ਪਿੰਡੁ ਦੀਆ ਤੁਧੁ ਆਪੇ ਤੁਧੁ ਆਪੇ ਕਾਰੈ ਲਾਇਆ ।
ਜੇਹਾ ਤੂੰ ਹੁਕਮੁ ਕਰਹਿ ਤੇਹੇ ਕੋ ਕਰਮ ਕਮਾਵੈ ਜੇਹਾ ਤੁਧੁ ਧੁਰਿ ਲਿਖਿ ਪਾਇਆ ।੨।
ਪੰਚ ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ ਕੋਈ ਛੇਵਾ ਕਰਿਉ ਜੇ ਕਿਛੁ ਕੀਤਾ ਹੋਵੈ ।
ਇਕਨਾ ਸਤਿਗੁਰੁ ਮੇਲਿ ਤੂੰ ਬੁਝਾਵਹਿ ਇਕਿ ਮਨਮੁਖ ਕਰਹਿ ਸਿ ਰੋਵੈ । ੩ ।
ਹਰਿ ਕੀ ਵਡਿਆਈ ਹਉ ਆਖਿ ਨ ਸਾਕਾ ਹਉ ਮੂਰਖੁ ਮਗਧੁ ਨੀਚਾਣੁ ।
ਜਨ ਨਾਨਕ ਕਉ ਹਰਿ ਬਖਸਿ ਲੈ ਮੇਰੇ ਸੁਆਮੀ ਸਰਣਾਗਤਿ ਪਇਆ ਅਜਾਣੁ ।੪।

—ਸੂਹੀ ਮ: ੪ (736/3)

ਉਪਰੋਕਤ ਸ਼ਬਦ ਅਨੇਕਾਂ ਐਸੇ ਗੁਰਵਾਕਾਂ ਦਾ ਪ੍ਰਤੀਨਿਧ ਹੈ ਜੋ ਅਰਦਾਸ ਦੀ ਸਮੁੱਚੀ ਭਾਵਨਾ ਨੂੰ ਪ੍ਰਗਟ ਕਰਦੇ ਹਨ । ਇਸ ਸ਼ਬਦ ਨੂੰ ਵਿਚਾਰੀਏ ਤਾਂ ਇਸ ਭਾਵਨਾ ਦੇ ਤਿੰਨ ਵੱਡੇ ਪੱਖ ਉਘੜਦੇ ਹਨ :

1. ਆਪਣੀ ਬੇਵਸੀ, ਲਾਚਾਰੀ, ਨਿਰਬਲਤਾ ਤੇ ਅਗਿਆਨਤਾ ਦਾ ਤੀਬਰ ਇਹਸਾਸ ;
2. ਵਾਹਿਗੁਰੂ ਦੀ ਵਡਿਆਈ, ਬਲ ਤੇ ਬਖ਼ਸ਼ਿਸ਼ ਉਪਰ ਅਨੰਨ ਵਿਸ਼ਵਾਸ; ਅਤੇ
3. ਉਸ ਦੀ ਸ਼ਰਨੀਂ ਪੈ ਕੇ ਉਸ ਦੀ ਬਖਸ਼ਿਸ਼ ਦੀ ਪ੍ਰਾਪਤੀ ਦੀ ਪ੍ਰਬਲ ਲੋਚਾ ।

ਬੇਵੱਸੀ ਦੇ ਇਹਸਾਸ ਵਿਚੋਂ ਨਿੰਮ੍ਰਤਾ ਮੌਲਦੀ ਹੈ; ਬਖਸ਼ਿਸ਼ ਦੇ ਭਰੋਸੇ ਚੋਂ ਸਿਦਕ ਪੱਕਦਾ ਹੈ; ਤੇ ਸ਼ਰਨ ਪੈਣ ਦੀ ਇੱਛਾ ਥੀਂ ਆਤਮ-ਸਮਰਪਣ ਦਾ ਅਮਲ ਜਾਗਦਾ ਹੈ । ਏਹੋ ਤਿੰਨ ਗੁਣ : ਨਿੰਮ੍ਰਤਾ, ਸਿਦਕ ਤੇ ਆਤਮ-ਸਮਰਪਣ, ਅਰਦਾਸ ਦੀ ਭਾਵਨਾ ਦੇ ਮੂਲ ਅੰਗ ਹਨ ।

## ਨਿੰਮ੍ਰਤਾ

ਜਨਮ ਸਾਖੀ ਵਿਚ ਆਉਂਦਾ ਹੈ : 'ਜੋ ਮੇਰੇ ਸਿਖ ਨਿਮ੍ਰ ਹੋਇ ਕੇ ਅਰਦਾਸ ਕਰਨਗੇ, ਤਿਨਾ ਦੇ ਕਾਰਜ ਰਾਸ ਹੋਣਗੇ । ਅਰਦਾਸ ਦੀ ਨਿੰਮ੍ਰਤਾ ਇਕ ਉਚੇਚੀ ਨਿੰਮ੍ਰਤਾ ਹੈ, ਜੋ ਮਨੁਖ ਦੀ ਬੇਵਸੀ 'ਚੋਂ ਮੌਲਦੀ ਹੈ । ਜਦੋਂ ਜਦੋਂ ਵੀ ਕਮਜ਼ੋਰ ਤੇ ਲਾਚਾਰ ਮਿੱਟੀ, ਆਪਣੀ ਬੇਵਸੀ ਕਾਰਨ ਕੁਰਲਾਉਂਦੀ ਹੈ ਤਾਂ ਉਸ ਦੀ ਪੁਕਾਰ ਅਰਦਾਸ ਹੀ ਹੁੰਦੀ ਹੈ ।

ਆਪਣੀ ਬੇਵਸੀ ਤੋਂ ਕਦੇ ਨਿਰਾਸ ਨ ਹੋਵੇ। ਬੇਵਸੀ ਹੀ ਸਾਨੂੰ ਅਰਦਾਸ ਦੇ ਮਾਰਗ ਵਲ ਪ੍ਰੇਰਦੀ ਹੈ; ਤੇ ਗੁਮਰਾਹ ਵੀ ਨਹੀਂ ਹੋਣ ਦੇਂਦੀ। ਅਰਦਾਸ ਤਾਂ ਹੁੰਦੀ ਹੀ ਬੇਵਸਾਂ ਲਈ ਹੈ। ਜਿਨ੍ਹਾਂ ਨੂੰ ਆਪਣੀ ਅਕਲ ਦਾ ਮਾਣ ਹੁੰਦਾ ਹੈ, ਉਹ ਤਾਂ ਅਰਦਾਸ ਕਰਨ ਦੇ ਸਮਰਥ ਹੀ ਨਹੀਂ ਹੁੰਦੇ। ਜਿਤਨੀ ਵੱਡੀ ਸਾਡੀ ਅਧੀਨਗੀ ਹੋਵੇ, ਉਤਨੀ ਵੱਡੀ ਹੀ ਸਾਨੂੰ ਪਰਵਾਨਗੀ ਪ੍ਰਾਪਤ ਹੁੰਦੀ ਹੈ। ਜਦੋਂ ਤਕ ਹਉਮੈ ਬਣੀ ਰਹਿੰਦੀ ਹੈ, ਸਾਈਂ ਦੇ ਮਹਿਲਾਂ ਵਿਚ ਦਾਖਲਾ ਨਹੀਂ ਮਿਲਦਾ। ਹਉਮੈ ਮਿਟੇ ਤਾਂ ਹੀ ਬਖਸ਼ਿਸ਼ ਦਾ ਦਰ ਖੁਲ੍ਹਦਾ ਹੈ।

ਮੇਹਰਾਂ ਦੇ ਮਾਲਕ ਦੀ ਸਲਤਨਤ ਵਿਚ ਤਾਂ ਸਿੱਕਾ ਹੀ ਨਿੰਮ੍ਰਤਾ ਦਾ ਚਲਦਾ ਹੈ। ਜੋ ਨਮ੍ਰ ਹੋ ਕੇ ਮਾਲਕ ਤੇ ਡੋਰੀ ਸੁਟ ਦੇਂਦਾ ਹੈ, ਅਰਸ਼ੋਂ ਬਾਂਹ ਲਡਾ ਕੇ ਮਾਲਕ ਉਸ ਦੀ ਸਹਾਇਤਾ ਕਰਦਾ ਹੈ। ਜਿਸ ਦਾ ਕੋਈ ਨਿਗਾਹਬਾਨ ਨਹੀਂ ਹੁੰਦਾ, ਉਸ ਦੀ ਅਗਵਾਈ ਉਹ ਆਪ ਕਰਦਾ ਹੈ। ਉਸ ਦਾ ਬਿਰਦ ਹੈ ਨਿਮਾਣਿਆਂ ਦਾ ਮਾਣ ਤੇ ਨਿਓਟਿਆਂ ਦੀ ਓਟ ਥੀਣਾ। ਦਰਅਸਲ ਹਰ ਬੇਵਸੀ ਵਾਹਿਗੁਰੂ ਦੀ ਮੇਹਰ ਨੂੰ ਵੰਗਾਰ ਪਾਉਂਦੀ ਹੈ। ਉਹ ਭੁੱਠ ਕੇ ਨਿਆਸਰਿਆਂ ਦਾ ਆਸਰਾ ਬਣ ਜਾਂਦਾ ਹੈ। ਆਜਜ਼ ਮਨ ਉਪਰ ਹੀ ਵਾਹਿਗੁਰੂ ਆਪਣਾ ਰਹੱਸ ਪ੍ਰਗਟ ਕਰਦਾ ਹੈ ਤੇ ਆਪਣੇ ਨੂਰ ਨਾਲ ਉਸ ਦੀਆਂ ਸਭੇ ਨੁਕਰਾਂ ਰੌਸ਼ਨ ਕਰ ਦੇਂਦਾ ਹੈ। ਜਿਤਨਾ ਕੋਈ ਨਿੰਵਦਾ ਹੈ, ਵਾਹਿਗੁਰੂ ਉਤਨਾ ਹੀ ਉਸ ਨੂੰ ਉਪਰ ਚੁਕਦਾ ਹੈ। ਸ਼ੇਖ ਬ੍ਰਹਮ ਨਾਲ ਗੁਰੂ ਨਾਨਕ ਦੇਵ ਜੀ ਦਾ ਸੰਵਾਦ ਹੋਇਆ ਤਾਂ ਬਾਬੇ ਨੇ ਕਿਹਾ, "ਫੁੱਵਾਰੇ ਦਾ ਜਲ ਜਿਤਨਾ ਨੀਵਾਂ ਜਾਂਦਾ ਹੈ, ਉਤਨਾ ਹੀ ਉੱਚਾ ਚੜ੍ਹਦਾ ਹੈ, ਤੈਸੇ ਹੀ ਜੋ ਮਨ ਨੀਵਾਂ ਰਖਦੇ ਹਨ, ਸੋ ਉੱਚੀ ਪਦਵੀ ਕਰਤਾਰ ਨੂੰ ਪ੍ਰਾਪਤ ਹੋਂਦੇ ਹਨ।

ਨਿੰਮ੍ਰਤਾ ਕੇਵਲ ਅਰਦਾਸ ਦੀ ਭਾਵਨਾ ਦਾ ਮੂਲ ਹੀ ਨਹੀਂ, ਪ੍ਰਭੂ ਨਾਲ ਸਾਡੇ ਰਿਸ਼ਤੇ ਦਾ ਆਧਾਰ ਵੀ ਹੈ। ਜਦੋਂ ਇਹ ਜਾਣ ਲਈਏ ਕਿ ਉਸ ਦੀ ਸ਼ਕਤੀ ਸਾਹਵੇਂ ਸਾਡੀ ਕੋਈ ਮਜਾਲ ਨਹੀਂ ਚਲਦੀ, ਤਾਂ ਲਾਜ਼ਮ ਹੋ ਜਾਂਦਾ ਹੈ ਕਿ ਆਪਣੀ ਬੇਵਸੀ ਨੂੰ ਉਸ ਦੀ ਮਿਹਰਾਮਤ ਸਾਹਵੇਂ ਹੋਰ ਵੀ ਨੰਗਿਆਂ ਕਰੀਏ, ਤੇ ਕੂਕੀਏ:

ਹਮ ਗਰੀਬ ਮਸਕੀਨ ਪ੍ਰਭ ਤੇਰੇ ਹਰਿ ਰਾਖੁ ਰਾਖੁ ਵਡ ਵਡਾ ਹੇ।

—ਗਉੜੀ ਪੂਰਬੀ ਮ: ੪ (171/11)

ਵਾਹਿਗੁਰੂ ਨੂੰ ਆਪਣੀ ਬੇਵਸੀ ਦੱਸਣ ਵਿਚ ਹੀ ਅਰਦਾਸ ਦਾ ਰਹੱਸ ਹੈ।

## ਸਿਦਕ

ਸਿਦਕ ਤੋਂ ਮੁਰਾਦ ਹੈ ਸੱਚੀ ਸ਼ਰਧਾ, ਸੱਚਾ ਵਿਸ਼ਵਾਸ, ਸੱਚਾ ਭਰੋਸਾ—ਸਾਫ਼ ਦਿਲ, ਨਿਸ਼ਕਪਟ। ਜਿਥੇ ਕਪਟ ਹੈ, ਸਿਦਕ ਗੈਰ-ਹਾਜ਼ਰ ਹੁੰਦਾ ਹੈ। ਜਿਥੇ ਭਰੋਸਾ ਹੈ ਸਿਦਕ ਓਥੇ ਹੀ ਜਾਗਦਾ ਹੈ। ਸਿਦਕ ਨਾਲ ਕੀਤੀ ਅਰਦਾਸ ਵਲ ਵਾਹਿਗੁਰੂ ਤੁਰੰਤ ਧਿਆਨ ਦੇਂਦਾ ਤੇ ਸੁਣ ਕੇ ਪ੍ਰਸੰਨ ਹੁੰਦਾ ਹੈ।

ਸਿਦਕ ਨਾ ਹੋਵੇ ਤਾਂ ਲਾਚਾਰੀ ਨਿਰਾਸਤਾ ਵਿਚ ਬਦਲ ਜਾਂਦੀ ਹੈ, ਤੇ ਨਿਰਾਸ ਹੋਏ

ਜੀਵ ਦੀ ਬਖਸ਼ਿਸ ਦੇ ਦਰ ਵਲ ਪਿੱਠ ਹੁੰਦੀ ਹੈ। ਸਿਦਕ ਸਾਨੂੰ ਬੇਵਸੀਆਂ ਵਿਚ ਵੀ ਅਡੋਲ ਰਖਦਾ ਹੈ। ਸਿਦਕਵਾਨ ਦੀ ਬੇਵਸੀ ਅਰਦਾਸ ਦੇ ਬੋਲ ਹੀ ਬੋਲਦੀ ਹੈ। ਸਿਦਕੀ ਹਿਰਦਾ ਤਾਂ ਬਸ ਇਤਨਾ ਹੀ ਜਾਣਦਾ ਹੈ:

ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ ॥

—ਸੂਹੀ ਵਾਰ ਮ: ੩, ਸਲੋਕ ਮ: ੨ (791/19)

ਤੇ ਉਹ ਆਪਣੀ ਡੋਰੀ ਪ੍ਰਭੂ ਤੇ ਛੋੜ ਦੇਂਦਾ ਹੈ। ਉਹ ਆਪਣੀ ਓਟ, ਬਲ, ਬੁਧ, ਧਨ, ਪਰਿਵਾਰ ਸਭ ਉਸ ਨੂੰ ਸਮਝਦਾ ਹੈ। ਆਪਣੇ ਮਾਲਕ ਦੀ ਦਰਵੱਟਣ ਉਹ ਘੁੱਟ ਕੇ ਪਕੜ ਲੈਂਦਾ ਹੈ, ਕਿਉਂਕਿ ਉਸਨੂੰ ਹੋਰ ਕਿਸੇ ਦੀ ਝਾਕ ਨਹੀਂ ਰਹਿੰਦੀ।

ਇਤਿਹਾਸ ਵਿਚ ਆਉਂਦਾ ਹੈ, ਸੁਲਹੀ ਖਾਨ ਪਠਾਣ ਫੌਜ ਲੈ ਕੇ ਜਦੋਂ ਗੁਰੂ ਅਰਜਨ ਦੇਵ ਜੀ ਉਪਰ ਧਾਵਾ ਬੋਲਣ ਚੜ੍ਹਿਆ ਤਾਂ ਇਸ ਦੀ ਖਬਰ ਸਤਿਗੁਰਾਂ ਦੇ ਦਰਬਾਰ ਅਪੜੀ। ਸੰਗਤ ਚਿੰਤਾਤੁਰ ਹੋ ਗਈ। ਇਕਨਾਂ ਨੇ ਸੁਝਾਉ ਦਿੱਤਾ ਕਿ ਬਾਦਸ਼ਾਹ ਵਲ ਚਿੱਠੀ ਘੱਲੀ ਜਾਵੇ। ਇਕਨਾਂ ਆਖਿਆ ਚਿੱਠੀ ਨਾਲੋਂ ਤਾਂ ਦੋ ਪਤਵੰਤੇ ਸੱਜਣਾਂ ਨੂੰ ਘਲਿਆ ਜਾਵੇ। ਹੋਰਾਂ ਨੇ ਰਾਇ ਦਿਤੀ, ਸੁਲਹੀ ਨੂੰ ਰੋਕਣ ਦਾ ਆਪ ਹੀ ਕੋਈ ਉਪਾਉ ਕਰ ਲਈਏ। ਪਰ, ਸਤਿਗੁਰੂ ਜੀ ਨੇ ਸਿਦਕ ਵਿਚ ਜੁੜ ਕੇ ਕੇਵਲ ਵਾਹਿਗੁਰੂ ਜੀ ਅਗੇ ਅਰਦਾਸ ਹੀ ਕੀਤੀ। ਇਸ ਦੀ ਸਾਖੀ ਬਾਣੀ ਨੇ ਇਉਂ ਭਰੀ ਹੈ:

ਪ੍ਰਥਮੇ ਮਤਾ ਜਿ ਪਤ੍ਰੀ ਚਲਾਵਉ ॥
ਦੁਤੀਏ ਮਤਾ ਦੁਇ ਮਾਨੁਖ ਪਹੁਚਾਵਉ ॥
ਤ੍ਰਿਤੀਏ ਮਤਾ ਕਿਛੁ ਕਰਉ ਉਪਾਇਆ ॥
ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ ॥

—ਆਸਾ ਮ: ੫ (371/13)

ਸਿਦਕਵਾਨ ਡੋਲਦਾ ਨਹੀਂ। ਆਸਵੰਤ ਹੋ ਕੇ ਝੋਲੀ ਅੱਡਦਾ, ਤੇ ਸੰਤੋਖਵਾਨ ਹੋ ਕੇ ਉਡੀਕਦਾ ਹੈ। ਭਰੋਸਾ, ਸਬਰ, ਆਸ ਤੇ ਇੰਤਜ਼ਾਰ ਸਿਦਕ ਦੇ ਪ੍ਰਧਾਨ ਅੰਗ ਹਨ। ਸਿਦਕ ਵਾਲਿਆਂ ਨੂੰ ਕੋਈ ਤੌਖਲਾ ਨਹੀਂ ਹੁੰਦਾ। ਉਹ ਜਿੱਧਰ ਵੀ ਵੇਖਦੇ ਹਨ ਮਾਲਕ ਉਤੇ ਵਲ ਵਲ ਖੜਾ ਦਿਸਦਾ ਹੈ।

ਜਿਸ ਦਾ ਭਰੋਸਾ ਪੂਰਾ ਨਹੀਂ, ਉਸ ਦਾ ਮਨ ਅਜੇ ਦੁਬਿਧਾ-ਗ੍ਰਸਤ ਹੈ, ਤੇ ਦੁਬਿਧਾ ਇਕਾਗਰ ਨਹੀਂ ਹੋਣ ਦਿੰਦੀ। ਪਰ ਅਰਦਾਸ ਇਕਾਗਰ ਮਨ ਦੀ ਵਿਲਕਣੀ ਹੈ। ਦੁਬਿਧਾ ਵਾਲਾ ਮਨ ਜੇਕਰ ਅਰਦਾਸ ਕਰੇ ਵੀ ਤਾਂ ਅੰਦਰਖਾਤੇ ਅਰਦਾਸ ਦੇ ਸੁਣੇ ਜਾਣ ਬਾਰੇ ਸ਼ੰਕਾਵਾਨ ਹੁੰਦਾ ਹੈ। ਅਰਦਾਸ ਵੇਲੇ ਹੀ ਨਹੀਂ, ਉਸ ਤੋਂ ਪਹਿਲੋਂ ਵੀ, ਤੇ ਮਗਰੋਂ ਵੀ ਉਸ ਨੂੰ ਆਪਣੀ ਅਰਦਾਸ ਦੇ ਸੁਣੇ ਜਾਣ ਬਾਰੇ ਸ਼ੱਕ ਹੀ ਰਹਿੰਦਾ ਹੈ। ਅਜੀਬ ਹਾਲਤ ਹੈ: ਵਾਹਿਗੁਰੂ ਅੱਗੇ ਅਰਦਾਸ ਕਰਨੀ ਵੀ, ਤੇ ਉਸ ਦੇ ਸੁਣੇ ਜਾਣ ਬਾਰੇ ਮਨ ਵਿਚ ਸ਼ੰਕਾ ਵੀ ਧਾਰਨਾ। ਇਹ ਜਾਂ ਤਾਂ ਕੁਫ਼ਰ ਹੈ, ਜਾਂ ਦੰਭ।

ਇਹ ਸੰਸਾ ਜਿਸ ਨੇ ਮਨ ਨੂੰ ਮਲੀਨ ਕਰ ਰਖਿਆ ਹੈ, ਦੂਰ ਕਿਵੇਂ ਹੋਵੇ? ਗੁਰੂ ਅਮਰ ਦਾਸ ਜੀ ਅਗਵਾਈ ਦੇਂਦੇ ਹਨ:

ਸਰਸੋ ਜੀਉ ਮਲੀਣੁ ਹੈ ਕਿਤੁ ਸੰਜਮਿ ਧੋਤਾ ਜਾਏ ?

ਮੰਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ ।

—ਰਾਮਕਲੀ ਮ: ੩ (919/9)

ਸ਼ੰਕਾ ਇਹ ਸੂਚਨਾ ਦੇਂਦਾ ਹੈ ਕਿ ਸਿਦਕ ਅਜੇ ਪੂਰਾ ਬਲਵਾਨ ਨਹੀਂ ਹੋਇਆ। ਇਹ ਨਹੀਂ ਕਹਿੰਦਾ ਕਿ ਸਿਦਕ ਗੈਰਹਾਜ਼ਰ ਹੈ। ਸਿਦਕ ਨਾ ਹੋਵੇ ਤਾਂ ਅਸ਼ਰਧਾ ਪੈਦਾ ਹੁੰਦੀ ਹੈ। ਜਿਸ ਪਾਸ ਸ਼ਰਧਾ ਹੀ ਨਹੀਂ, ਉਸ ਨੂੰ ਸ਼ੰਕਾ ਕਾਹਦੇ ? ਸ਼ੰਕੇ ਤੇ ਦੁਬਿਧਾ ਤੋਂ ਛੁਟਕਾਰਾ ਪਾਣ ਦਾ ਸਾਧਨ ਭੀ ਅਰਦਾਸ ਹੀ ਹੈ। "ਹੇ ਵਾਹਿਗੁਰੂ ! ਦੁਬਿਧਾ ਮੈਨੂੰ ਤੇਰੇ ਚਰਨਾਂ ਨਾਲ ਜੁੜਨ ਨਹੀਂ ਦੇਂਦੀ। ਤੂੰ ਸਦਾ ਆਪਣੇ ਸੇਵਕਾਂ ਦੀ ਦੁਬਿਧਾ ਨਿਵਾਰਦਾ ਆਇਆ ਹੈਂ, ਮੈਂ ਆਜਿਜ਼ ਤੇ ਭੀ ਕਿਰਪਾ ਕਰ" ਜਿਸ ਦੀ ਦੁਬਿਧਾ ਵਾਹਿਗੁਰੂ ਨਿਵਾਰ ਦੇਂਦਾ ਹੈ, ਉਸ ਉਤੇ ਆਪਣਾ ਬ੍ਰਹਮ-ਰਹੱਸ ਪਰਗਟ ਕਰ ਦੇਂਦਾ ਹੈ। ਫਿਰ ਉਹ ਸੇਵਕ ਦੁਬਿਧਾ ਤੇ ਸ਼ੰਕੇ ਤੋਂ ਮੁਕਤ, ਪੂਰਨ ਸਿਦਕ ਵਿਚ ਜੁੜ ਰਹਿੰਦਾ ਹੈ।

## ਆਤਮ ਸਮਰਪਨ

ਸੱਚੀ ਅਰਦਾਸ ਵਿਚ ਅਰਦਾਸ ਤੋਂ ਇਲਾਵਾ ਹੋਰ ਕੁਝ ਨਹੀਂ ਹੁੰਦਾ। ਜੇਕਰ ਹੋਰ ਭੀ ਕੁਝ ਕਰਨ ਲਗ ਪਈਏ ਤਾਂ ਅਰਦਾਸ ਦੀ ਭਾਵਨਾ ਵਿਚ ਵਿਘਨ ਪੈ ਜਾਂਦਾ ਹੈ। ਕਿਤੇ ਅਰਦਾਸ ਵਿਅਰਥ ਨ ਚਲੀ ਜਾਵੇ, ਇਸ ਡਰ ਤੋਂ ਸ਼ੰਕਾਲੂ ਮਨ ਅਰਦਾਸ ਦੇ ਨਾਲ ਨਾਲ ਕਈ ਹੋਰ ਹੀਲੇ ਟਪਲੇ ਵੀ ਕਰਦਾ ਫਿਰਦਾ ਹੈ। ਕਦੇ ਮੰਨਤਾਂ ਮੰਨਦਾ ਹੈ, ਕਦੇ ਚਿੱਲੇ ਕਟਦਾ ਹੈ, ਕਦੇ ਪਾਂਧੇ ਪੁਛਦਾ ਹੈ, ਕਦੇ ਰਮਲ ਲੁਆਉਂਦਾ ਹੈ, ਕਦੇ ਤਪਾਂ ਦੀ ਭੱਠੀ ਵਿਚ ਪੈਂਦਾ ਹੈ। ਜਿਥੇ ਆਪਾ ਜਤਨ-ਸ਼ੀਲ ਹੋਵੇ, ਅਰਦਾਸ ਕਿੱਥੇ ਹੁੰਦੀ ਹੈ ? ਅਰਦਾਸ ਰਾਹੀਂ ਤਾਂ ਆਪਣੀ ਬਲ-ਹੀਨਤਾ ਦੀ ਅਰਜ਼ੀ ਰੱਬ ਅੱਗੇ ਪਾਈਦੀ ਹੈ। ਜਿਤਨਾ 'ਆਪਾ' ਘਟ ਹੋਵੇ ਉਤਨਾ ਰੱਬ ਦਾ ਪ੍ਰਵੇਸ਼ ਵਧੇਰੇ ਹੁੰਦਾ ਹੈ। ਜਿਥੇ ਸੰਪੂਰਨ ਆਤਮ-ਸਮਰਪਨ ਹੋਵੇ ਉਥੇ ਕੇਵਲ ਰੱਬ ਵਸਦਾ ਹੈ।

"ਹੇ ਮਾਲਕ ! ਮੈਂ ਨਹੀਂ ਜਾਣਦਾ ਤੇਰੇ ਪਾਸੋਂ ਕੀ ਮੰਗਾਂ ? ਮੈਥੋਂ ਕਿਤੇ ਵਧ ਤੈਨੂੰ ਪਤਾ ਹੈ ਕਿ ਮੈਨੂੰ ਕੀ ਚਾਹੀਦਾ ਹੈ। ਤੂੰ ਮੈਨੂੰ ਹੱਦੋਂ ਵੱਧ ਪਿਆਰ ਕਰਦਾ ਹੈਂ। ਹੇ ਪਿਤਾ, ਆਪਣੇ ਬੱਚੇ ਨੂੰ ਸੋ ਦੇ, ਜਿਸ ਦੇ ਮੰਗਣ ਦੀ ਵੀ ਉਸ ਨੂੰ ਜਾਚ ਨਹੀਂ। ਮੈਨੂੰ ਮਾਰ ਚਾਹੇ ਜਿਵਾਲ, ਦੁਖ ਵਿਚ ਰਖ ਭਾਵੇਂ ਸੁਖ ਵਿਚ, ਆਪਣੀ ਰਜ਼ਾ ਵਿਚ ਰਖੀ ਰਖ। ਮੈਂ ਤੇਰੇ ਚੋਜ ਨਹੀਂ ਜਾਣਦਾ। ਆਪਣੇ ਆਪ ਨੂੰ ਤੈਥੋਂ ਸਦਕੇ ਹੀ ਕਰ ਸਕਦਾ ਹਾਂ। ਸੋ ਆਪਾ ਸਮਰਪਨ ਕਰਦਾ ਹਾਂ। ਮੈਨੂੰ ਅਰਦਾਸ ਕਰਨ ਦੀ ਜਾਚ ਸਿਖਾਲ। ਹੇ ਮਾਲਕ, ਤੂੰ ਆਪ ਮੇਰੇ ਅੰਦਰੋਂ ਅਰਦਾਸ ਬਣ ਕੇ ਉਮਲ੍ਹ ! ਤੂੰ ਆਪ ਮੇਰੇ ਬੋਲਾਂ ਵਿਚ ਪ੍ਰਵੇਸ਼ ਕਰ !" ਇਸ ਤਰ੍ਹਾਂ ਦੀ ਅਰਦਾਸ ਹੀ ਆਤਮ-ਸਮਰਪਨ ਦੀ ਅਰਦਾਸ ਹੁੰਦੀ ਹੈ :

ਮਨੁ ਤਨੁ ਆਗੈ ਜੀਅੜਾ ਤੁਝ ਪਾਸਿ ।

ਜਿਉ ਭਾਵੈ ਤਿਉ ਰਖਹੁ ਅਰਦਾਸਿ । —ਪ੍ਰਭਾਤੀ ਮ: ੧ (1345/5)

ਜਦ ਵੀ ਕੋਈ ਆਪਾ ਤਿਆਗ, ਸੱਚੇ ਦਿਲੋਂ, ਵਹਿਗੁਰੂ ਦੀ ਸ਼ਰਨ ਭਾਲਦਾ ਹੈ ਤਾਂ ਵਹਿਗੁਰੂ ਤ੍ਰੁੱਠ ਕੇ ਉਸ ਨੂੰ ਗਲ ਲਾ ਲੈਂਦਾ ਹੈ। ਇਹੀ ਉਸ ਦਾ ਬਿਰਦ ਹੈ :

ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ ।

— ਬਿਹਾਗੜਾ ਮ: ੫ (544/17)

(ਪੁਸਤਕ : 'ਅਰਦਾਸ-ਦਰਸ਼ਨ ਰੂਪ ਅਭਿਆਸ' ਵਿਚੋਂ)

# Importance of Kirtan in Gurmat

**Jasbir Singh Sarna**

(Formerly Editor, 'Shamshir-e-Dast')
Near Super Bazar, Baramulla-193101 (Kashmir)

The singing of the hymns of the Guru is called Kirtan which literally means singing the praises of God. Kirtan is divine music. It is a recognized form of congregational prayer. According to Guru Granth Sahib "Whosoever listens to Kirtan of Hari, whoseever sings Kirtan of Hari; misery cannot overtake that person."

Kirtan according to the Sikh scriptures cleanses the mind of all sensual impurtities (S G G S, page 289, 979, 1174) liberates man from the yoke of time and death (S G G S page 867), attracts divine pleasure (S G G S page 818) and leads him to emanicipation (S C G S page 1297, 747).

However, it is conceived as an effective agency for stopping the cycle of rebirths (page 624) Often it is credited with power of liquidating disease, sorrow and suffering (213, 1085) and bringing about perfect peace of mind and bliss (178, 979, 1962).

Kirtan implies "words, shabod, set to music and rhythm, utilizing the experience—communicating quality of singing, objectified emotional character of raga, the multiple concept of tal and the purposeful, meaningful and inspirational character of bani.

Kirtan is the invaluable jewel, which is full of bliss and manifold virtues. It enables the individual to attend and participate in the congregation and to take advantage of the congregation and to take advantage of the divine environment leading to temporal and social understanding and happiness. It helps to elevate the mind to full spiritual heights and attempts to bring peace and repose to it.

Kirtan, though not only an effective psychosomatic tranquilizer but also a rectifier of para-physical disorders. The significance of Kirtan can be gauged from the fact that

the entire Sri Guru Granth Sahib is set to music and is structured on the basis of Indian classical rsgas in which the portions are supposed to be sung.

To Guru Nanak Sahib and his spiritual successors, Kirtan became a means of strengthening the bonds that brought members of the rising Sikh Brotherhood closed to one another.

Guru Arjan Sahib the compiler of Guru Granth Sahib, arranged the sacred hymns on the basis of ragas and not on the basis of authorship or chronology. The day and night singing of devotional hymns in the sanctum sanctorum Golden Temple, Amritsar, is as old the shrine itself and is a good pointer to the place which devotional singing occupies in Sikh religion. Every occasion in a Sikh household, whether it is birth, marriage or death, is solemnised by kirtan. Setting to music, thoughts contained Sri Guru Granth Sahib in a scientific and studied manner is its important distinguishing feature. The printed version in its curreent form comprises 1430 pages and is divided into 33 sections. The first section comprises the soulful and inspiring hymn of Guru Nanak Sahib called Japji and also a few selected paudis, the final section is a collection of assorted verses including the slokas and the Swayyas of Bhatts, The remaining 31 sections are named after the well-kouwn classical Ragas and are supposed to be sung in those Ragas. These Ragas are catagorically mentioned as follows :

1. Sri Rag
2. Majh
3. Gauri
4. Asa
5. Gujri
6. Devgandhari
7. Bihagra
8. Wadhans
9. Sorath
10. Dhanasari
11. Jaitsari

17. Gaund
18. Ramkali
19. Nat
20. Maligaura
21. Maru
22. Tukhari
23. Kedara
24. Bhairo
25. Basant
26. Sarang
27. Malar

12. Todi
13. Bairari
14. Tilang
15. Suhi
16. Bilawal
28. Kanara
29. Kalian
30. Prabhati
31. Jaijawanti

The Sri Guru Granth Sahib is the only scripture of its kind which contains within its sacred covers the songs and utterances of a wide variety of saints, savants and bards. There are compositions of seven Sikh Gurus, and other saints who had their origin as highborn Brahmins, proud Kshatriyas, lowly surdas and unlettered jats. The number of Shabads and other compositions contributed by them is as follows :

| | | | | | |
|---|---|---|---|---|---|
| 1. | Guru Nanak | 949 | 14. | Dhanna | 4 |
| 2 | Guru Angad | 63 | 15. | Jaidev | 2 |
| 3. | Guru Amar Das | 869 | 16. | Bhikan | 2 |
| 4. | Guru Ram Das | 638 | 17. | Sain | 1 |
| 5. | Guru Arjan Dev | 2312 | 18. | Pipa | 1 |
| 6. | Guru Tegh Bahadur | 115 | 19. | Sadhna | 1 |
| 7. | Guru Gobind Singh | 1 | 20. | Ramanand | 1 |
| 8. | Kabir | 534 | 21. | Parmanand | 1 |
| 9. | Farid | 123 | 22. | Surdas | 2 |
| 10. | Namdev | 62 | 23. | Sunder | 6 |
| 11. | Ravidas | 40 | 24. | Mardana | 3 |
| 12. | Trilochan | 5 | 25. | Satta | 8 |
| 13. | Beni | 3 | 26. | Balwand | 123 |
| | | | 27. | Bhatts | |

Kirtan is so ubiquitous in Sikh way of life that in every Gurdwara Bhai Sahib is to be conversant with Kirtan.

Today in Sikh community, diminishing the cadres who may still be preserving the purity of tradition, may soon fade out of existence. No body has cared to collect literary and technical evidence relating to the musical scene of the Guru Nanak—Guru Arjan Sahib period.

Kirtan in ragas was meant by the Sikh Gurus to be an aesthetic vehicle which would carry the verbal message to

the remotest recesses of mind and release responses which usually remain untouched cven by poetical approaches.

To day in Sikh community the cardes of musicians who may still be conversent with purity of ragas are fast diminishing. No serious effort has been made to collect and resurrect the musical traditions of the sixteenth and seventeenth centuries when the Gurus made their injunctions.

There is lack of trained and qualified personnel, nou-availability of technical literature and non-existence of good professional institutions. A more disturbing feature of the situations is the absence of conciousness about what we are lacking. The inculcation of the consciousness must form the agenda of a comprehensive programme to raise the cultural standard of the whole Sikh brotherhood.

# ਰਾਗ ਸੋਰਠ

—ਜੀ. ਐਸ. ਸਰਦਾਰ,
ਰਾਜਿੰਦਰ ਨਗਰ, ਨਵੀਂ ਦਿੱਲੀ।

ਪਹਿਰੇ : (ਤਿੰਨ ਤਾਲ)

ਖਮਾਜ ਥਾਟ ਦਾ ਰਾਗ ਹੈ ਇਸ ਵਿਚ ਦੋਨੋਂ ਨਿਸ਼ਾਦ ਲਗਦੇ ਹਨ। ਆਰੋਹ ਵਿਚ ਨੀ ਸ਼ੁਧ ਤੇ ਅਵਰੋਹ ਵਿਚ ਨੀ ਕੋਮਲ ਲਗਦੇ ਹਨ।

ਆਰੋਹ ਵਿਚ ਗ ਧ ਅਤੀ ਦੁਰਬਲ ਹਨ ਕਈ ਵਿਦਵਾਨ ਇਹਨਾਂ ਨੂੰ ਆਰੋਹ ਵਿਚ ਵਰਜਿਤ ਵੀ ਮੰਨਦੇ ਹਨ। ਅਵਰੋਹ ਵਿਚ ਰੇ ਵਕਰ ਹੈ। ਸ਼ਾਸ਼ਤਰੀ ਸੰਗੀਤ ਵਿਚ ਇਹਨੂੰ 'ਦੇਸ' ਦੇ ਨਾਲ ਵੀ ਜਾਣਿਆ ਜਾਂਦਾ ਹੈ।

**ਵਾਦੀ ਰੇ ਸੰਵਾਦੀ ਪ ਹੈ ਸਮਾਂ ਰਾਤ ਦਾ ਦੂਸਰਾ ਪਹਰ ਹੈ।**

ਆਰੋਹ : ਸ, ਰੇ, ਮ, ਪ, ਨੀ, ਸਂ

ਅਵਰੋਹ : ਸਂ, ਨੀ̱, ਧ, ਪ, ਮ, ਗ, ਰੇ, ਗ, ਨੀ̣, ਸ।

| × | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| | | | | | | | | ਰੇ | ਮ | ਰੇ | ਮ | ਪ | ਪ | ਨੀ | ਸਂ |
| | | | | | | | | ਸਿ | ਮ | ਰ | ਸਿ | ਮ | ਰ | ਗੁ | ਰੂ |
| ਨੀ̱ | ਧ | ਪ | ਮ | ਗ | ਰੇ | ਗ | ਸ | ਮ | ਪ | ਨੀ | ਸਂ | ਪਨੀ | ਸਂਰੇਂ | ਸਂ | ਰੇਂ |
| ਸ | ਤਿ | ਗੁ | ਰੂ | ਅ | ਪ | ਨਾ | ऽ | ਸ | ਗ | ਲਾ | ऽ | ਦੂऽ | ऽऽ | ਖ | ਮਿ |
| ਨੀ̱ | ਧ | ਪ | ਮ | ਗऽ | ਰੇ | ਗ | ਸ | | | | | | | | |
| ਟਾ | ऽ | ऽ | ऽ | ਇਆ | ऽ | ऽ | ऽ | | | | | | | | |

### ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | ਮ | — | ਮ | ਮ | ਪ | — | ਨੀ | ਨੀ |
| | | | | | | | | ਤਾ | ऽ | ऽ | ਪ | ਰੇ | ऽ | ਗ | ਗ |
| ਸਂ | — | ਸਂ | ਸਂ | ਰੇਂ | ਨੀ | ਸਂ | ਸਂ | ਪ | ਨੀ | ਸਂ | ਰੇਂ | ਨੀ̱ | ਧ | ਮ | ਪ |
| ਏ | ऽ | ਗੁ | ਰ | ਬ | ਬ | ਨੀ | ऽ | ਮ | ਨ | ਇ | ऽ | ਛੋ | ऽ | ਫ | ਲ |
| ਮਪ | ਧ | ਮ | ਮ | ਗऽ | ਰੇ | ਗ | ਸ | | | | | | | | |
| ਪਾऽ | ऽ | ऽ | ऽ | ਇਆ | ऽ | ऽ | ऽ | | | | | | | | |

## ਸੋਰਠ ਮਹਲਾ ੫ :

ਸਿਮਰ ਸਿਮਰ ਗੁਰ ਸਤਿਗੁਰ ਅਪਨਾ, ਸਗਲਾ ਦੂਖ ਮਿਟਾਇਆ । ਤਾਪ ਰੋਗ ਗਏ ਗੁਰੂ ਬਚਨੀ, ਮਨ ਇਛੇ ਫਲ ਪਾਇਆ, ਮੇਰਾ ਗੁਰ ਪੂਰਾ ਸੁਖ ਦਾਤਾ, ਕਰਣ ਕਾਰਣ ਸਮਰਥ ਸੁਆਮੀ ਪੂਰਨ ਪੁਰਖ ਬਿਧਾਤਾ (ਰਹਾਉ) ਅਨੰਦ ਬਿਨੋਦ ਮੰਗਲ ਗੁਣ ਗਾਵਹੁ ਗੁਰੂ ਨਾਨਕ ਭਏ ਦਇਆਲਾ ਜੈ ਜੈਕਾਰ ਭਏ ਜਗ ਭੀਤਰ ਹੋਆ ਪਾਰਬ੍ਰਹਮੁ ਰਖਵਾਲਾ ।

**ਅਰਥ** : ਹੇ ਭਾਈ ! ਮੇਰਾ ਗੁਰੂ ਸਭ ਗੁਣਾਂ ਨਾਲ ਭਰਪੂਰ ਹੈ, ਸਾਰੇ ਸੁਖ ਬਖ਼ਸ਼ਣ ਵਾਲਾ ਹੈ । ਗੁਰੂ ਉਸ ਸਰਬ-ਵਿਆਪਕ ਸਿਰਜਣਹਾਰ ਦਾ ਰੂਪ ਹੈ ਜੋ ਸਾਰੇ ਜਗਤ ਦਾ ਮੂਲ ਹੈ, ਜੋ ਸਭ ਤਾਕਤਾਂ ਦਾ ਮਾਲਕ ਹੈ । ਰਹਾਉ ।

(ਹੇ ਭਾਈ ! ਜੇਹੜਾ ਮਨੁੱਖ ਗੁਰੂ ਦੀ ਸ਼ਰਨ ਪੈਂਦਾ ਹੈ, ਉਹ) ਮੁੜ ਮੁੜ ਗੁਰੂ ਸਤਿਗੁਰੂ (ਦੀ ਬਾਣੀ) ਨੂੰ ਚੇਤੇ ਕਰ ਕੇ ਆਪਣਾ ਹਰੇਕ ਕਿਸਮ ਦਾ ਦੁੱਖ ਦੂਰ ਕਰ ਲੈਂਦਾ ਹੈ । ਗੁਰੂ ਦੇ ਬਚਨਾਂ ਉੱਤੇ ਤੁਰ ਕੇ ਉਸ ਦੇ ਸਾਰੇ ਕਲੇਸ਼ ਸਾਰੇ ਰੋਗ ਦੂਰ ਹੋ ਜਾਂਦੇ ਹਨ, ਉਹ ਮਨ-ਮੰਗੇ ਫਲ ਪ੍ਰਾਪਤ ਕਰ ਲੈਂਦਾ ਹੈ । ੧ ।

ਹੇ ਨਾਨਕ ! (ਆਖ—ਹੇ ਭਾਈ ! ਜੇ ਤੇਰੇ ਉੱਤੇ) ਸਤਿਗੁਰੂ ਜੀ ਦਇਆਵਾਨ ਹੋਏ ਹਨ, ਤਾਂ ਤੂੰ ਪ੍ਰਭੂ ਦੀ ਸਿਫ਼ਤਿ ਸਲਾਹ ਦੇ ਗੀਤ ਗਾਂਦਾ ਰਿਹਾ ਕਰ, (ਸਿਫਤਿ ਸਾਲਾਹ ਦੀ ਬਰਕਤਿ ਨਾਲ ਤੇਰੇ ਅੰਦਰ) ਆਨੰਦ ਖੁਸ਼ੀਆਂ ਸੁਖ ਬਣੇ ਰਹਿਣਗੇ । (ਸਿਫ਼ਤਿ ਸਾਲਾਹ ਦਾ ਸਦਕਾ) ਜਗਤ ਵਿਚ ਸੋਭਾ ਮਿਲਦੀ ਹੈ । (ਇਹ ਨਿਸ਼ਚਾ ਬਣਿਆ ਰਹਿੰਦਾ ਹੈ ਕਿ) ਪਰਮਾਤਮਾ (ਸਦਾ ਸਿਰ ਉੱਤੇ) ਰਾਖਾ ਹੈ । ੨ । ੧੫ ੪੩ ।

### ਰਾਗ ਸੋਰਠ (ਝਪਤਾਲ)

| X | | 2 | | | 0 | | 3 | | |
|---|---|---|---|---|---|---|---|---|---|
| ਰੇ | — | ਮ | — | ਮ | ਪ | ਮ | ਪ | — | ਪ |
| ਸੁ | ऽ | ਖ | ऽ | ਮੰ | ਗ | ਲ | ਕ | ऽ | ਲਿ |
| ਮਪ | ਧ | ਮ | — | ਮ | ਗ | ਰੇ | ਗ | ਸ | ਸ |
| ਆऽ | ऽ | ਣ | ऽ | ਸ | ਹ | ਜ | ਧੁ | ऽ | ਨਿ |
| ਮ | ਪ | ਨੀ | — | — | ਸਂ | ਨੀ | ਸਂ | — | ਰੇਂ |
| ਪ੍ਰ | ਭ | ਕੇ | ऽ | ऽ | ਚ | ਰ | ਨ | ऽ | ਨਿ |
| ਨੀ | ਧ | ਪ | — | ਧ | ਮ | ਗ | ਰੇਗ | ਨ਼ੀ | ਸ |
| ਹਾ | ऽ | ऽ | ऽ | ਰਿ | ਆ | ऽ | ऽऽ | ऽ | ऽ |

## ਅੰਤਰਾ

| | | | | | | | | | |
|---|---|---|---|---|---|---|---|---|---|
| ਸ | — | ਮ | — | ਮ | ਪ | — | ਨੀ | — | — |
| ਰਾ | ऽ | ਖ | ऽ | ਨ | ਹਾ | ऽ | ਰੇ | ऽ | ऽ |
| ਸਂ | — | ਸਂऽ | — | ਰੇਂ | ਨੀ | — | ਸਂ | — | ਸਂ |
| ਲਾ | ऽ | ਖਿਓ | ऽ | ऽ | ਬਾ | ऽ | ਰਿ | ऽ | ਕ |
| ਰੇਂ | ਗਂ | ਨੀ | ਸਂ | ਸਂ | ਨੀ | ਧ | ਪ | — | ਪ |
| ਸ | ਤ | ਗੁ | ऽ | ਰ | ਤਾ | ऽ | ਪ | ऽ | ਉ |
| ਮਪ | ਧ | ਮ | — | ਮ | ਰੇਗ | ਰੇਗ | ਨੀ | ਸ | ਸ |
| ਤਾऽ | ऽ | ऽ | ऽ | ਰਿ | ਆ | ऽऽ | ऽ | ऽ | ऽ |

ਬਾਕੀ ਅੰਤਰੇ ਇਸੇ ਸਰਗਮ ਤੇ ਅਧਾਰਿਤ ਹਨ

## ਸਰਠ ਮਹਲਾ ੫

ਸੁਖ ਮੰਗਲ ਕਲਿਆਣ ਸਹਜ ਧੁਨਿ, ਪ੍ਰਭ ਕੇ ਚਰਨ ਨਿਹਾਰਿਆ ਰਾਖਨਹਾਰੇ। ਰਾਖਿਓ ਬਾਰਿਕ, ਸਤਿਗੁਰ ਤਾਪ ਉਤਾਰਿਆ। ਉਬਰੇ ਸਤਿਗੁਰ ਕੀ ਸਰਣਾਈ, ਜਾਕੀ ਸੇਵ ਨ ਬਿਰਥੀ ਜਾਈ (ਰਹਾਓ) ਘਰਿ ਮਹਿ ਸੂਖ ਬਾਹਰਿ ਫੁਨ ਸੂਖਾ, ਪ੍ਰਭ ਅਪੁਨੇ ਭਏ ਦਇਆਲਾ। ਨਾਨਕ ਬਿਘਨੁ ਨ ਲਾਗੈ ਕੋਊ, ਮੇਰਾ ਪ੍ਰਭ ਹੋਆ ਰਖਵਾਲਾ

**ਅਰਥ :** ਹੇ ਭਾਈ! ਜਿਸ ਗੁਰੂ ਦੀ ਕੀਤੀ ਹੋਈ ਸੇਵਾ ਖ਼ਾਲੀ ਨਹੀਂ ਜਾਂਦੀ, ਉਸ ਗੁਰੂ ਦੀ ਸ਼ਰਨ ਜਿਹੜੇ ਮਨੁੱਖ ਪੈਂਦੇ ਹਨ ਉਹ (ਆਤਮਿਕ ਜੀਵਨ ਦੇ ਰਸਤੇ ਵਿਚ ਆਉਣ ਵਾਲੀਆਂ ਰੁਕਾਵਟਾਂ ਤੋਂ) ਬਚ ਜਾਂਦੇ ਹਨ। ਰਹਾਉ।

(ਹੇ ਭਾਈ! ਜੇਹੜਾ ਭੀ ਮਨੁੱਖ ਗੁਰੂ ਦੀ ਸ਼ਰਨ ਆ ਪਿਆ) ਗੁਰੂ ਨੇ ਉਸ ਦਾ ਤਾਪ (ਦੁਖ-ਕਲੇਸ਼) ਲਾਹ ਦਿੱਤਾ, ਰੱਖਿਆ ਕਰਨ ਦੀ ਸਮਰਥਾ ਵਾਲੇ ਗੁਰੂ ਨੇ ਉਸ ਬਾਲਕ ਨੂੰ (ਵਿਘਨਾਂ ਤੋਂ) ਬਚਾ ਲਿਆ (ਉਸ ਨੂੰ ਇਉਂ ਬਚਾਇਆ ਜਿਵੇਂ ਪਿਤਾ ਆਪਣੇ ਪੁੱਤਰ ਦੀ ਰੱਖਿਆ ਕਰਦਾ ਹੈ)। (ਗੁਰੂ ਦੀ ਸ਼ਰਨ ਪੈ ਕੇ ਜਿਸ ਮਨੁੱਖ ਨੇ) ਪਰਮਾਤਮਾ ਦੇ ਚਰਨਾਂ ਦਾ ਦਰਸ਼ਨ ਕਰ ਲਿਆ, ਉਸ ਦੇ ਅੰਦਰ ਖ਼ੁਸ਼ੀ ਆਨੰਦ ਤੇ ਆਤਮਕ ਅਡੋਲਤਾ ਦੀ ਰੌਂ ਚੱਲ ਪਈ। ੧।

(ਹੇ ਭਾਈ! ਜੇਹੜਾ ਮਨੁੱਖ ਗੁਰੂ ਦੀ ਸ਼ਰਨ ਪੈਂਦਾ ਹੈ ਉਸ ਦੇ) ਹਿਰਦੇ ਵਿਚ ਆਤਮਕ ਆਨੰਦ ਬਣਿਆ ਰਹਿੰਦਾ ਹੈ, ਬਾਹਰ (ਦੁਨੀਆ ਨਾਲ ਵਰਤਣ-ਵਿਹਾਰ ਕਰਦਿਆਂ) ਭੀ ਉਸ ਨੂੰ ਆਤਮਕ ਸੁਖ ਮਿਲਿਆ ਰਹਿੰਦਾ ਹੈ, ਉਸ ਉਤੇ ਪ੍ਰਭੂ ਸਦਾ ਦਇਆਵਾਨ ਰਹਿੰਦਾ ਹੈ। ਹੇ ਨਾਨਕ! ਉਸ ਮਨੁੱਖ ਦੀ ਜ਼ਿੰਦਗੀ ਦੇ ਰਸਤੇ ਵਿਚ ਕੋਈ ਰੁਕਾਵਟ ਨਹੀਂ ਆਉਂਦੀ, ਉਸ ਉਤੇ ਪਰਮਾਤਮਾ ਕਿਰਪਾਲ ਹੋਇਆ ਰਹਿੰਦਾ ਹੈ। ੨।

੧੨। ੪੦।

# ਉਸਤਾਦ ਜੋਗਿੰਦਰ ਸਿੰਘ 'ਯੋਗੀ'

—ਸਤਨਾਮ ਸਿੰਘ ਬੰਬਈ

Sector-4, C-5, 6,
4 : 3 C B D
New Bombay

ਬੰਬਈ ਸ਼ਹਿਰ ਜਿਥੇ ਬਿਜ਼ਨਿਸ ਵਿਚ ਤਕਰੀਬਨ ਹਿੰਦੁਸਤਾਨ ਵਿਚ ਸਭ ਤੋਂ ਅਗਲੀ ਕਤਾਰ ਵਿਚ ਸ਼ਾਮਲ ਹੈ, ਉਥੇ ਸੰਗੀਤਕ ਪਖੋਂ ਵੀ ਪਿਛੇ ਨਹੀਂ। ਇਸ ਘੁੱਗ ਵਸਦੇ ਸ਼ਹਿਰ ਵਿਚ ਅਜਿਹੇ ਸੰਗੀਤਕਾਰ ਵੀ ਹਨ, ਜੋ ਆਪਣੀ ਵਡਿਆਈ ਨਹੀਂ ਕਰਵਾਉਣੀ ਲੋੜਦੇ, ਉਹਨਾਂ ਦੇ ਸੰਗੀਤ ਦਾ ਕਿਸੇ ਮਹਿਫਲ ਵਿਚ ਜ਼ਿਕਰ ਆਏ ਜਾਂ ਨਾ, ਪਰ ਉਹ ਸੰਗੀਤਕ ਹੁਨਰ ਨੂੰ ਚਾਰ ਚੰਨ ਲਾਉਣ ਲਈ ਰਾਤ-ਦਿਨ ਜੁਟੇ ਹੋਏ ਹਨ। ਇਕ ਬੜੇ ਪੁਰਾਣੇ ਉਸਤਾਦ ਜੀ ਨਾਲ ਮੁਲਾਕਾਤ ਕਰਨ ਦਾ ਮੌਕਾ ਮਿਲਿਆ।

ਉਸਤਾਦ ਜੀ ਸ. ਜੋਗਿੰਦਰ ਸਿੰਘ 'ਯੋਗੀ' ਜਿਹਨਾਂ ਦੀ ਉਮਰ ਕਰੀਬ 78 ਸਾਲ ਹੈ। ਥਾਨਾ ਰੇਲਵੇ ਸਟੇਸ਼ਨ ਦੇ ਕੋਲ ਇਹਨਾਂ ਦਾ ਨਿਵਾਸ ਅਸਥਾਨ ਹੈ। ਜਦੋਂ ਦਾਸ ਇਹਨਾਂ ਨੂੰ ਪਹਿਲੀ ਵਾਰ ਮਿਲਿਆ, ਇਸ ਤਰ੍ਹਾਂ ਅਨੁਭਵ ਹੋਇਆ ਕਿ ਜਿਸ ਤਰ੍ਹਾਂ ਇਹ ਮੇਰੇ ਪੁਰਾਣੇ ਮਿਤਰ ਹੋਣ। ਇਹਨਾਂ ਦੇ ਪਿਤਾ ਜੀ ਸ. ਨੱਥਾ ਸਿੰਘ ਜੀ ਜਿਹੜੇ ਸਮੇਂ ਦੇ ਉਚ-ਕੋਟੀ ਦੇ ਉਸਤਾਦ ਸਨ। ਇਹਨਾਂ ਦੇ ਪਿਤਾ ਜੀ ਚੀਫ ਖਾਲਸਾ ਦੀਵਾਨ ਵਿਚ ਸੰਗੀਤ ਦੇ ਪਰੋਫੈਸਰ ਸਨ। ਇਸ ਲਈ ਇਹਨਾਂ ਨੂੰ ਸੰਗੀਤ ਦੀ ਵਿਦਿਆ ਵਿਰਸੇ ਵਿਚ ਹੀ ਮਿਲੀ। ਫਿਰ ਇਹਨਾਂ ਨੇ ਸਮੇਂ ਦੇ ਉਘੇ ਉਸਤਾਦਾਂ ਪਾਸੋਂ ਸੰਗੀਤ ਦੀ ਤਾਲੀਮ ਹਾਸਲ ਕੀਤੀ। ਵਡੇ ਉਸਤਾਦ ਇਹਨਾਂ ਦੇ ਸ਼ਾਮ ਚੌਰਾਸੀ ਦੇ ਘਰਾਣੇ ਵਿਚੋਂ ਸਯਦ ਪੀਰ ਜੀ ਸਨ, ਉਹਨਾਂ ਤੋਂ ਬਾਅਦ ਮੀਆਂ ਬਰਕਤ ਅਲੀ ਸਾਹਿਬ ਲਾਹੌਰ ਚੂਨਾ ਮੰਡੀ ਵਾਲੇ ਸਨ। ਉਪਰੰਤ ਘਸੀਟਾ ਰਾਮ ਜੀ ਤਰਨਤਾਰਨ ਵਿਦਿਆਲੇ ਵਾਲੇ, ਪੰਡਤ ਨਥੂ ਰਾਮ ਜੀ, ਭਾਈ ਲਾਲ ਜੀ, ਗਿਆਨੀ ਗਿਆਨ ਸਿੰਘ ਜੀ ਗੰਧਰਬ ਅਲਮਸਤ, ਪਾਧਰੀ ਠਾਕੁਰ ਦਾਸ, ਪੰਡਤ ਸਦਾ ਸ਼ਿਵ ਜੀ, ਪੰਡਤ ਕ੍ਰਿਸ਼ਨਾ ਰਾਓ ਗਵਾਲੀਅਰ ਵਾਲਿਆਂ ਤੋਂ ਇਹਨਾਂ ਨੇ ਸੰਗੀਤ ਦੀ ਵਿਦਿਆ ਲਈ। ਤਬਲੇ ਦੀ ਵਿਦਿਆ ਇਹਨਾਂ ਨੇ ਅਰਜਨ ਸਿੰਘ ਜੀ ਤਿਰੰਗੜ ਤਬਲਾ ਮਾਸਟਰ ਪਾਸੋਂ ਲਈ। ਮੀਆਂ ਲੰਡੇ ਖਾਨ ਤੋਂ ਸਿਤਾਰ ਵਾਦਨ ਅਤੇ ਪੰਡਤ ਹਜ਼ਾਰੀ ਲਾਲ ਤੋਂ ਨਿਰਤ ਡਾਂਸ ਦੀ ਤਾਲੀਮ ਹਾਸਲ ਕੀਤੀ। ਸ਼ੁਰੂ ਵਿਚ ਇਹਨਾਂ ਨੇ ਖਾਲਸਾ ਕਾਲਜ ਦੀਆਂ ਸਟੇਜਾਂ ਤੇ ਕੀਰਤਨ ਕਰਨਾ ਸ਼ੁਰੂ ਕੀਤਾ। ਫਿਰ ਮਹਾਰਾਜਾ ਭੁਪਿੰਦਰ ਸਿੰਘ ਪਟਿਆਲੇ ਵਾਲਿਆਂ ਦੇ ਸਾਲਾਨਾ ਦਰਬਾਰ ਵਿਚ ਕੀਰਤਨ ਕਰਦੇ ਰਹੇ। ਬਾਅਦ ਵਿਚ 'ਯੋਗੀ' ਜੀ ਭਾਈ ਬਾਵਰ ਸਿੰਘ ਸਿੰਧੀ ਅਤੇ ਭਾਈ ਲਾਲ ਸਿੰਘ ਜੀ ਨਾਲ ਚੀਫ ਖਾਲਸਾ ਵਿਚ ਕੀਰਤਨ ਕਰਦੇ ਰਹੇ। ਉਸ ਸਮੇਂ

ਦੇ ਉਥੋਂ ਰਾਗੀ ਵੀ ਇਹਨਾਂ ਕੋਲ ਲਾਹੌਰ ਵਿਚ ਵਾਰੀ ਰਾਗ ਸਿਖਣ ਲਈ ਆਉਂਦੇ। ਭਾਈ ਸਾਂਈ ਦੱਤਾ ਜੀ, ਭਾਈ ਚੇਸਾ ਜੀ, ਭਾਈ ਸਮੁੰਦ ਸਿੰਘ, ਭਾਈ ਸੰਤਾ ਸਿੰਘ ਜੀ, ਸੁਰਜਨ ਸਿੰਘ ਜੀ, ਭਾਈ ਪ੍ਰਤਾਪ ਸਿੰਘ ਅਤੇ ਸ. ਸੁੰਦਰ ਸਿੰਘ ਜੀ ਮਜੀਠਿਆ ਨਾਲ ਇਹਨਾਂ ਦੀ ਕਾਫੀ ਨੇੜਤਾ ਦੀ। ਭਾਈ ਕਾਹਨ ਸਿੰਘ ਨਾਭਾ ਜੀ ਆਪਦੇ ਪਰਮ ਮਿਤਰ ਸਨ। ਇਹਨਾਂ ਦੇ ਮਨ ਵਿਚ ਸ਼ੁਰੂ ਤੋਂ ਹੀ ਇਹ ਖਿਆਲ ਸੀ ਮੈਂ ਸੰਗੀਤ ਦਾ ਮਾਸਟਰ ਬਣਨਾ ਹੈ। ਵਾਕਈ ਕੋਈ ਸ਼ੱਕ ਨਹੀਂ। ਤਕਰੀਬਨ 15 ਕੁ ਸਾਜ ਇਹਨਾਂ ਦੇ ਘਰ ਵਿਚ ਬਹੁਤ ਪੁਰਾਣੇ ਹੋ ਚੁਕੇ ਪਏ ਹੋਏ ਹਨ। ਰਬਾਬ, ਸਿਤਾਰ. ਹਰਮੋਨੀਅਮ, ਤਬਲਾ, ਬੰਸਰੀ, ਤਾਨਪੂਰਾ, ਮੈਂਡੋਲਿਨ, ਬੈਂਜੋ ਵਾਇਲ, ਗਿਟਾਰ ਪਿਆਨੋ, ਦਿਲ ਰੁਬਾ ਅਤੇ ਅਜਰਾਜ ਅਤੇ ਹੋਰ ਕਈ ਤਰ੍ਹਾਂ ਦੇ ਸਾਜ ਜਿਹਨਾਂ ਦੇ ਆਪ ਮਾਸਟਰ ਹਨ।

ਸ਼ਾਗਿਰਦਾਂ ਨਾਲ ਇਨਾ ਪਿਆਰ ਜਿਸ ਤਰ੍ਹਾਂ ਪਿਉ ਪੁਤਰਾਂ ਨੂੰ ਪਿਆਰ ਕਰਦਾ ਹੈ। ਇਹਨਾਂ ਦਾ ਇਕ ਭਰਾ ਫਿਲਮ ਇੰਡਸਟਰੀ ਵਿਚ ਗਾਇਕ ਹੈ। ਜਿਸ ਦਾ ਨਾਮ ਸ. ਭੁਪਿੰਦਰ ਸਿੰਘ ਹੈ। ਇਹਨਾਂ ਦੇ ਕਈ ਨਾਮਵਰ ਸ਼ਾਗਿਰਦ ਜਿਸ ਤਰ੍ਹਾਂ ਭਾਈ ਅਮਰੀਕ ਸਿੰਘ ਬੰਬੀ 'ਸ਼ਮਾ' ਫਿਲਮ ਇੰਡਸਟਰੀਜ, ਪਰਕਾਸ਼ ਸਹਿਗਲ ਮਿਊਜ਼ਕ ਡਾਇਰੈਕਟਰ ਕੁਲਦੀਪ ਸਿੰਘ ਮਿਊਜ਼ਕ ਡਾਇਰੈਕਟਰ ਕੁਲਵੰਤ ਸਿੰਘ ਜੀ ਪੰਜਾਬ ਸਿੰਧ ਬੈਂਕ ਵਾਲੇ ਆਦਿ ਹਨ। ਬੰਬਈ ਵਿਚ ਕਰੀਬ ਸੌ ਕੁ ਇਹਨਾਂ ਦੇ ਸ਼ਾਗਿਰਦ ਹਨ ਜੋ ਚੰਗੀਆਂ ਸਟੇਜਾਂ ਤੇ ਸੇਵਾ ਕਰ ਰਹੇ ਹਨ। 'ਯੋਗੀ' ਦਾ ਤਖਲਸ ਇਹਨਾਂ ਨੂੰ ਆਰੂੜ ਸਿੰਘ ਜੀ 'ਤਾਇਬ' ਨੇ ਦਿਤਾ ਸੀ। ਪ੍ਰੋ. ਦਾ ਖਿਤਾਬ ਪ੍ਰਿੰ. ਗੰਗਾ ਸਿੰਘ ਜੀ ਨੇ ਦਿਤਾ। ਰਾਗੀ ਗੋਪਾਲ ਸਿੰਘ ਜੀ 'ਸੂਰਮਾ' ਨੂੰ ਇਹਨਾਂ ਦੇ ਪਿਤਾ ਕੋਲੋਂ ਸੰਗੀਤ ਦੀ ਦਾਤ ਮਿਲੀ ਸੀ। ਇਹ ਆਪ ਟਿਊਨਾਂ ਨੂੰ ਕੰਪਾਊਜ਼ਿੰਗ ਕਰਦੇ ਹਨ। ਆਪਣੇ ਅੰਦਰੋਂ ਨਵੀਆਂ ਧੁਨਾਂ ਨੂੰ ਪੈਦਾ ਕਰਦੇ ਹਨ। ਰਾਗਾਂ ਦੇ ਇਸ ਤਰ੍ਹਾਂ ਮਾਹਿਰ ਹਨ ਜਿਵੇਂ ਬੱਚੇ ੳ ਅ ਦੇ ਮਾਹਿਰ ਹੁੰਦੇ ਹਨ। ਸਤਿਗੁਰੂ ਇਹਨਾਂ ਨੂੰ ਤੰਦਰੁਸਤੀ ਬਖਸ਼ਣ ਇਸੇ ਤਰ੍ਹਾਂ ਹੀ ਸਿਖ ਕੌਮ ਦੀ ਸੇਵਾ ਕਰਦੇ ਰਹਿਣ।

# ਕੈੱਸਟ ਸਮੀਖਿਆ

## ਭਾਈ ਨਿਰਮਲ ਸਿੰਘ ਜੀ ਦੁਆਰਾ ਗਾਈ ਗਈ "ਆਸਾ ਦੀ ਵਾਰ"

—ਹਰਚਰਨ ਸਿੰਘ
173, ਧਾਰਟ ਸਟਰੀਟ,
ਕਲਕੱਤਾ-700017.

ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਦੇ ਹਜ਼ੂਰੀ ਰਾਗੀ, ਭਾਈ ਨਿਰਮਲ ਸਿੰਘ ਜੀ ਦੁਆਰਾ ਗਾਇਨ ਕੀਤੀ ਗਈ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਦਿੱਲੀ ਦੀ ਕੰਪਨੀ 'ਟੀ-ਸਿਰੀਜ਼' ਨੇ ਹਾਲ ਵਿਚ ਦੋ ਕੈੱਸਟਾਂ ਦੇ ਰੂਪ ਵਿਚ ਰਿਲੀਜ਼ ਕੀਤਾ ਹੈ। ਕੈਸਟਾਂ ਦੇ ਉਪਰਲੇ ਕਵਰ ਦੇ ਉਪਰ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਫੋਟੋ ਹੈ। ਕੈਸਟਾਂ ਦੇ ਕਵਰ 'ਤੇ ਪ੍ਰਥਮ "ਆਸਾ ਦੀ ਵਾਰ" ਪੰਜਾਬੀ ਵਿਚ ਅਤੇ ਫੇਰ ਅੰਗਰੇਜ਼ੀ ਵਿਚ ਲਿਖਿਆ ਹੋਇਆ ਹੈ। ਥੱਲੇ ਸ੍ਰੀ ਹਰਿਮੰਦਰ ਸਾਹਿਬ ਦੀ ਫੋਟੋ ਮਗਰੋਂ ਇਹ ਇਬਾਰਤ ਦਿਤੀ ਗਈ ਹੈ। "ਭਾਈ ਨਿਰਮਲ ਜੀ ਹਜ਼ੂਰੀ ਰਾਗੀ ਜਥਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ (ਅੰਮ੍ਰਿਤਸਰ)" ਅਤੇ ਇਸ ਮਗਰੋਂ ਇਹੀ ਇਬਾਰਤ ਅੰਗਰੇਜ਼ੀ ਵਿਚ। ਕੈਸਟਾਂ ਦੇ ਕਵਰ ਦੇ ਮਗਰਲੇ ਪਾਸੇ ਭਾਈ ਸਾਹਿਬ ਦੇ ਜੱਥੇ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਕੀਰਤਨ ਕਰਦਿਆਂ ਫੋਟੋ ਦਿੱਤੀ ਗਈ ਹੈ ਜੋ ਕਿ ਬਹੁਤ ਹੀ ਚੰਗਾ ਉਦਮ ਹੈ।

ਦੋ ਕੈਸਟਾਂ ਦੇ ਸੈਟ ਦਾ ਮੁੱਲ ਟੈਕਸਾਂ ਸਮੇਤ ਕੇਵਲ 50/- ਰੁਪੈ ਹੈ ਜੋ ਕਿ ਪੰਜਾਬੀ ਸ੍ਰੋਤਿਆਂ ਦੀ ਰੁਚੀ ਅਤੇ ਮਿਆਰ ਅਨੁਸਾਰ ਬਹੁਤ ਹੀ ਉਚਿਤ ਹੈ।

ਜਿਵੇਂ ਕਿ ਪਹਿਲਾਂ ਵੀ ਇਕ ਸਮੀਖਿਆ ਅਧੀਨ ਦਰਸਾਇਆ ਗਿਆ ਸੀ, ਭਾਈ ਨਿਰਮਲ ਸਿੰਘ ਜੀ ਦਾ ਜੱਥਾ ਵਰਤਮਾਨ ਸਮੇਂ ਮਕਬੂਲ ਅਤੇ ਹਰਮਨਪਿਆਰਾ ਹੈ। ਆਪ ਜੀ ਦੀ ਗਾਇਨ ਸ਼ੈਲੀ ਤੋਂ ਉਸਤਾਦ ਗੁਲਾਮ ਅਲੀ ਦੀ ਗਜ਼ਲ ਗਾਇਕੀ ਦਾ ਪ੍ਰਭਾਵ ਪ੍ਰਤੱਖ ਝਲਕਦਾ ਹੈ।

ਆਪ ਜੀ ਨੇ 'ਆਸਾ ਦੀ ਵਾਰ' ਦਾ ਆਰੰਭ ਬੜੇ ਹੀ ਮਧੁਰ ਅੰਦਾਜ਼ ਵਿਚ—"ਹਮੁ ਅਵਗੁਣਿ ਭਰੇ ਏਕੁ ਗੁਣੁ ਨਾਹੀ ॥ ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ ॥" ਮੰਗਲਾਚਰਣ ਉਚਾਰ ਕੇ ਕੀਤਾ ਹੈ। ਇਸ ਮਗਰੋਂ ਪਹਿਲਾ ਸ਼ਬਦ ਹੈ—"ਬਾਬੀਹਾ ਅੰਮ੍ਰਿਤ ਵੇਲੈ ਬੋਲਿਆ, ਤਾ ਦਰਿ ਸੁਣੀ ਪੁਕਾਰ ॥ ਮੇਘੈ ਨੋ ਫੁਰਮਾਨੁ ਹੋਆ, ਵਰਸਹੁ ਕਿਰਪਾ ਧਾਰਿ ॥" ਇਹ ਸ਼ਬਦ ਤੀਜੀ ਪਾਤਸ਼ਾਹੀ ਸ੍ਰੀ ਗੁਰੂ ਅਮਰਦਾਸ ਜੀ ਦੁਆਰਾ ਉਚਾਰਣ ਕੀਤਾ ਗਿਆ ਹੈ ਅਤੇ ਸ੍ਰੀ ਗੁਰੂ ਗਰੰਥ ਸਾਹਿਬ ਦੇ ਪੰਨਾ 1285 ਉੱਪਰ —"ਸਲੋਕ ਮਹਲਾ 3 (ਵਾਰ ਮਲਾਰ ਕੀ)" ਅਧੀਨ ਅੰਕਿਤ ਹੈ। ਭਾਈ ਸਾਹਿਬ ਨੇ ਇਸ ਸ਼ਬਦ ਨੂੰ ਰਾਗ ਆਸਾ ਵਿਚ ਗਾਇਨ ਕੀਤਾ ਹੈ ਅਤੇ ਕਹਿਰਵਾ ਤਾਲ ਵਿਚ

ਨਿਬੰਧ ਇਸ ਸ਼ਬਦ ਨੂੰ ਸ੍ਰਵਣ ਕਰਦਿਆਂ ਅੰਮ੍ਰਿਤ ਵੇਲੇ ਦਾ ਆਭਾਸ ਤਾਂ ਹੁੰਦਾ ਹੀ ਹੈ ਨਾਲ ਹੀ ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਸ੍ਰੋਤਾ ਸ੍ਰੀ ਗੁਰੂ ਰਾਮਦਾਸ ਜੀ ਦੀ ਹਜ਼ੂਰੀ ਵਿਚ ਸ੍ਰੀ ਹਰਿਮੰਦਰ ਸਾਹਿਬ ਬੈਠਿਆ ਕੀਰਤਨ ਦਾ ਆਨੰਦ ਮਾਣ ਰਿਹਾ ਹੋਵੇ। ਦੂਜਾ ਇਸ ਸ਼ਬਦ ਦੇ ਗਾਇਨ ਦੀ ਵਿਸ਼ੇਸ਼ਤਾ ਇਹ ਹੈ ਕਿ ਭਾਈ ਸਾਹਿਬ ਦੇ ਸਾਥੀ, ਭਾਈ ਦਰਸ਼ਨ ਸਿੰਘ ਜੀ ਜਿਹਨਾਂ ਦੀ ਆਵਾਜ਼ ਬੜੀ ਭਰਵੀਂ ਅਤੇ ਸੁਰੀਲੀ ਹੈ, ਅਸਥਾਈ ਆਉਣ 'ਤੇ —"ਬਾਬੀਹਾ ਅੰਮ੍ਰਿਤ ਵੇਲੇ ਬੋਲਿਆ", ਪੰਕਤੀ ਨੂੰ ਉੱਚੇ ਯਾਨੀ ਡਬਲ ਸਕੇਲ 'ਤੇ ਗਾਇਨ ਕਰਦੇ ਹਨ ਜੋ ਕੰਨਾਂ ਨੂੰ ਬਹੁਤ ਹੀ ਮਧੁਰ ਲਗਦੀ ਹੈ।

'ਆਸਾ ਦੀ ਵਾਰ' ਦਾ ਆਰੰਭ ਹੋਣ ਮਗਰੋਂ ਕੁਝ ਛੱਕੇ ਅਤੇ ਸਲੋਕਾਂ ਉਪਰੰਤ ਆਪ ਜੀ ਜਿਸ ਸ਼ਬਦ ਦਾ ਗਾਇਨ ਕਰਦੇ ਹਨ, ਉਸ ਦੇ ਬੋਲ ਹਨ - "ਜੋ ਨਾ ਭਜੰਤੇ ਨਾਰਾਇਣਾ, ਤਿਨ ਕਾ ਮੈਂ ਨਾ ਕਰਉਂ ਦਰਸਨਾ ॥" ਇਹ ਸ਼ਬਦ ਭਗਤ ਨਾਮਦੇਵ ਜੀ ਦੁਆਰਾ ਉਚਾਰਣ ਕੀਤਾ ਗਿਆ ਹੈ ਅਤੇ ਬਹੁਤ ਹੀ ਅਪ੍ਰਚਲਿਤ ਹੈ। ਇਹ ਸ਼ਬਦ ਦੀ ਰੀਤ ਬਹੁਤ ਹੀ ਸੁੰਦਰ ਹੈ ਅਤੇ ਆਪ ਜੀ ਨੇ ਇਸ ਨੂੰ ਬਹੁਤ ਸੁਹਣੇ ਰੂਪ ਵਿਚ ਗਾਇਨ ਕੀਤਾ ਹੈ।

ਇਸ ਤੋਂ ਅਗਲਾ ਸ਼ਬਦ ਹੈ-"ਹੋਇ ਨਿਮਾਣਾ ਢਹਿ ਪਵੈ, ਦਰਗਹ ਮਾਣੁ ਨਿਮਾਣਾ ਪਾਵੈ।" ਇਹ ਸ਼ਬਦ ਭਾਈ ਗੁਰਦਾਸ ਜੀ ਦੁਆਰਾ ਉਚਾਰਣ ਕੀਤੀਆਂ ਗਈਆਂ ਵਾਰਾਂ ਵਿਚੋਂ ਹੈ ਅਤੇ ਵਾਰ 29 ਪਾਉੜੀ 13 ਅਧੀਨ ਅੰਕਿਤ ਹੈ। ਇਸ ਦੇ ਪਹਿਲੇ ਅੰਤਰੇ ਦੇ ਬੋਲ ਹਨ -"ਹਉਮੈ ਗਰਬੁ ਨਿਵਾਰੀਐ, ਗੁਰਮੁਖਿ ਰਿਦੈ ਗਰੀਬੀ ਆਵੈ ॥" ਇਸ ਸ਼ਬਦ ਨੂੰ ਆਪ ਜੀ ਨੇ ਰਾਗ ਪੀਲੂ ਵਿਚ ਬੜੇ ਹੀ ਸੁੰਦਰ ਅੰਦਾਜ਼ ਨਾਲ ਗਾਇਨ ਕੀਤਾ ਹੈ। ਇਸ ਸ਼ਬਦ ਮਗਰੋਂ ਲਾਏ ਗਏ ਛੱਕੇ ਅਤੇ ਸਲੋਕ ਵੀ ਆਪ ਜੀ ਨੇ ਰਾਗ ਪੀਲੂ ਵਿਚ ਹੀ ਗਾਇਨ ਕੀਤੇ ਹਨ ਜੋ ਕਿ ਬਹੁਤ ਹੀ ਮਧੁਰ ਲਗਦੇ ਹਨ। 'ਆਸਾ ਦੀ ਵਾਰ' ਦੇ ਗਾਇਨ ਦੌਰਾਨ, ਰਾਗ ਆਸਾ ਤੋਂ ਇਲਾਵਾ ਰਾਗ ਪੀਲੂ, ਭੈਰਵੀ, ਭੈਰਉਂ, ਅਹੀਰ ਭੈਰਵ, ਪਹਾੜੀ, ਸ਼ਿਵਰੰਜਨੀ, ਲਲਿਤ, ਆਸਾਵਰੀ, ਰਾਮਕਲੀ, ਬੀਭਾਸ, ਭਟਿਆਰ ਆਦਿ ਰਾਗਾਂ ਦਾ ਗਾਏ ਜਾਣ ਦੀ ਪ੍ਰੰਪਰਾ ਚਲੀ ਆਉਂਦੀ ਹੈ ਅਤੇ ਵਰਤਮਾਨ ਕਾਲ ਵਿਚ ਵੀ ਪ੍ਰਚੱਲਿਤ ਹੈ।

ਦੂਸਰੀ ਕੈਸੇਟ ਦੀ ਏ ਸਾਇਡ ਦਾ ਪਹਿਲਾਂ ਸ਼ਬਦ ਹੈ-"ਬਹੁਤ ਜਨਮ ਬਿਛੁਰੇ ਥੇ ਮਾਧਉ, ਇਹੁ ਜਨਮੁ ਤੁਮਾਰੇ ਲੇਖੇ,, ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸ਼ਨੁ ਦੇਖੇ ॥" ਇਹ ਸ਼ਬਦ-"ਧਨਾਸਰੀ ਭਗਤ ਰਵਿਦਾਸ ਜੀ ਦੀ ਅਧੀਨ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਪੰਨਾ 684 ਉੱਪਰ ਅੰਕਿਤ ਹੈ, ਇਸ ਸ਼ਬਦ ਦਾ ਗਾਇਨ ਵੀ ਸੁੰਦਰ ਹੈ ਪਰੰਤੂ ਇਸ ਸ਼ਬਦ ਨੂੰ ਸ੍ਰਵਣ ਕਰਨ ਉਪਰੰਤ ਭਾਈ ਗੁਰਮੇਲ ਸਿੰਘ ਜੀ, ਹਜ਼ੂਰੀ ਰਾਗੀ ਸ੍ਰੀ ਹਰਮਿੰਦਰ ਸਾਹਿਬ ਦੀ ਯਾਦ ਆ ਜਾਂਦੀ ਹੈ ਜੋ ਅੱਜ ਕਲ ਅਮਰੀਕਾ ਜਾ ਵਸੇ ਹਨ। ਉਹ ਇਸ ਸ਼ਬਦ ਨੂੰ-"ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ, ਅਬ ਪਤੀਆਰੁ ਕਿਆ ਕੀਜੈ ॥" ਟੇਕ ਰੱਖ ਕੇ ਰਾਗ ਸ਼ਿਵਰੰਜਨੀ ਵਿਚ ਸ੍ਰੀ ਹਰਿਮੰਦਰ ਸਾਹਿਬ ਵਿਖੇ ਗਾਇਨ ਕਰਿਆ ਕਰਦੇ ਸਨ, ਇਸ ਸ਼ਬਦ ਨੂੰ ਉਨ੍ਹਾਂ ਦੁਆਰਾ ਜਿਸ ਨੇ ਵੀ ਸੁਣਿਆ ਹੈ, ਉਹੀ ਇਸ ਦਾ ਰਸ ਬਿਆਨ ਕਰ ਸਕਦਾ ਹੈ।

ਇਸ ਤੋਂ ਅਗਲੇ ਸ਼ਬਦ ਦੇ ਬੋਲ ਹਨ—"ਚਰਨ ਕਮਲ ਪ੍ਰਭ ਕੇ ਨਿਤ ਧਿਆਵਉ ॥ ਕਵਨ ਸੁਮਤਿ ਜਿਤੁ ਪ੍ਰੀਤਮੁ ਪਾਵਉ ॥" ਇਹ ਸ਼ਬਦ—"ਰਾਗੁ ਬਿਲਾਵਲੁ ਮਹਲਾ 5" ਸ੍ਰੀ ਗੁਰੂ ਗਰੰਥ ਸਾਹਿਬ ਦੇ ਪੰਨਾ 806 ਉੱਪਰ ਅੰਕਿਤ ਹੈ। ਇਹ ਬੜੇ ਹੀ ਅਫ਼ਸੋਸ ਦੀ ਗੱਲ ਹੈ ਕਿ ਆਪ ਜੀ ਨੇ ਇਸ ਸ਼ਬਦ ਨੂੰ ਹੀ ਨਹੀਂ ਇਸ ਤੋਂ ਅੱਗੇ ਆਉਂਦੇ ਛੱਕੇ ਤੇ ਸਲੋਕਾਂ ਨੂੰ ਵੀ ਰਾਤ ਦੇ ਰਾਗ ਸੋਰਠ ਵਿਚ ਗਾਇਨ ਕੀਤਾ ਹੈ। 'ਆਸਾ ਦੀ ਵਾਰ' ਨੂੰ ਅੰਮ੍ਰਿਤ ਵੇਲੇ ਦੇ ਰਾਗਾਂ ਵਿਚ ਹੀ ਗਾਇਨ ਕਰਨਾ ਉਚਿਤ ਹੈ।

ਇਸ ਤੋਂ ਅਗਲਾ ਸ਼ਬਦ ਹੈ—"ਧੰਨੁ ਧੰਨੁ ਰਾਮਦਾਸ ਗੁਰੂ ਜਿਨਿ ਸਿਰਿਆ ਤਿਨੈ ਸਵਾਰਿਆ।" ਇਹ ਸ਼ਬਦ "ਸਤੇ ਬਲਵੰਡ ਦੀ ਵਾਰ" ਅਧੀਨ ਸ੍ਰੀ ਗੁਰੂ ਗਰੰਥ ਸਾਹਿਬ ਦੇ ਪੰਨਾ 968 ਉੱਪਰ ਅੰਕਿਤ ਹੈ। ਕਹਿਰਵੇ ਤਾਲ ਵਿਚ ਨਿਬੱਧ ਇਸ ਸ਼ਬਦ ਦੀ ਰੀਤ ਬੜੀ ਮਿਠੀ ਹੈ ਅਤੇ ਆਪ ਜੀ ਨੇ ਇਸ ਨੂੰ ਅਤਿ ਠਹਿਰਾ ਨਾਲ ਗਾਇਨ ਕੀਤਾ ਹੈ। ਅਸਥਾਈ ਅਤ ਅੰਤਰੇ ਦਰਮਿਆਨ ਹਰਮੋਨੀਅਮ ਦਾ ਬਹੁਤ ਹੀ ਸੁਰੀਲਾ ਪ੍ਰਯੋਗ ਕੀਤਾ ਗਿਆ ਹੈ।

'ਆਸਾ ਦੀ ਵਾਰ' ਦੀ ਸਮਾਪਤੀ ਉਪਰੰਤ ਅੰਤਲਾ ਸ਼ਬਦ ਹੈ—"ਡੀਠ ਸਭੇ ਥਾਵ ਨਹੀਂ ਤੁਧ ਜੇਹਿਆ ॥" ਇਹ ਸ਼ਬਦ ਵੀ ਕਹਿਰਵਾ ਤਾਲ ਵਿਚ ਨਿਬੱਧ ਹੈ ਅਤੇ ਰੀਤ ਬੜੀ ਸੁੰਦਰ ਹੈ।

ਸਮੁੱਚੇ ਤੌਰ 'ਤੇ "ਆਸਾ ਦੀ ਵਾਰ" ਦੀ ਦੋ ਕੈਸਟਾਂ ਦਾ ਇਹ ਸੈਟ ਸੁਣਨ ਯੋਗ ਹੈ ਅਤੇ ਹਰ ਗੁਰਸਿੱਖ ਦੇ ਘਰ ਦੀ ਸ਼ੋਭਾ ਬਣਨਾ ਚਾਹੀਦਾ ਹੈ, ਅੱਜ ਤੋਂ 35 ਜਾਂ 40 ਕੁ ਸਾਲ ਪਹਿਲਾਂ 'ਹਿਜ਼ ਮਾਸਟਰਜ਼ ਵਾਇਸ' ਨੇ ਭਾਈ ਸੁਰਜਨ ਸਿੰਘ ਜੀ ਦੁਆਰਾ ਗਾਇਨ ਕੀਤੀ ਗਈ 'ਆਸਾ ਦੀ ਵਾਰ' ਦੇ ਦੋ ਰਿਕਾਰਡ ਰਿਲੀਜ਼ ਕੀਤੇ ਸਨ ਜਿਹਨਾਂ ਨੂੰ ਹੁਣ ਕੈਸਟਾਂ ਦੇ ਰੂਪ ਵਿਚ ਵੀ ਰਿਲੀਜ਼ ਕੀਤਾ ਗਿਆ ਹੈ। ਉਸ ਮਗਰੋਂ ਜੇ ਹੁਣ ਮਿਆਰੀ ਢੰਗ ਨਾਲ ਗਾਇਨ ਕੀਤੀ ਗਈ 'ਆਸਾ ਦੀ ਵਾਰ' ਸੁਣਨ ਨੂੰ ਮਿਲੀ ਹੈ ਤਾਂ ਉਹ ਭਾਈ ਨਿਰਮਲ ਸਿੰਘ ਹੁਰਾਂ ਦੀ ਹੀ ਹੈ। ਭਾਈ ਦਰਸ਼ਨ ਸਿੰਘ ਜੀ ਨੇ ਹਾਰਮੋਨੀਅਮ ਅਤੇ ਗਾਇਨ ਵਿਚ ਬਹੁਤ ਹੀ ਢੁਕਵਾਂ ਸਾਥ ਨਿਭਾਇਆ ਹੈ। ਪਰ ਹੈਰਾਨੀ ਦੀ ਗੱਲ ਹੈ ਕਿ ਪਉੜੀ ਦਾ ਪਾਠ ਤਬਲਾ ਵਾਦਕ ਕੋਲੋਂ ਨਾ ਕਰਵਾ ਕੇ ਭਾਈ ਦਰਸ਼ਨ ਸਿੰਘ ਪਾਸੋਂ ਹੀ ਕਰਵਾਇਆ ਗਿਆ ਹੈ ਜਦ ਕਿ ਚੌਂਕੀ ਸਮੇਂ ਤਬਲਾ ਵਾਦਕ ਭਾਈ ਕਰਤਾਰ ਸਿੰਘ ਜੀ ਹੀ ਪਉੜੀ ਦਾ ਪਾਠ ਕਰਦੇ ਹਨ ਅਤੇ ਕਾਫੀ ਸੁਰੀਲੇ ਵੀ ਹਨ। "ਟੀ-ਸਿਰੀਜ਼" ਇਹ ਕੈਸਟ ਰਿਲੀਜ਼ ਕਰਨ ਹਿੱਤ ਵਧਾਈ ਦੀ ਪਾਤਰ ਹੈ।